# ਬੱਚਿਆਂ ਦੀਆਂ 'ਬੁਗਨੀਆਂ' ਦਾ ਕੇਰਲ ਦੇ ਹੜ੍ਹ ਪੀੜ੍ਹਤਾਂ ਲਈ 'ਪਸੀਜਿਆ ਦਿਲ'

## *ਹੜ੍ਹ ਪ੍ਰਭਾਵਿਤ ਕੇਰਲ 'ਚ ਡਾਕਟਰੀ ਸਹਾਇਤਾ ਮੁਹੱਈਆ ਕਰਾਉਣ ਲਈ 5ਹਜ਼ਾਰ ਡਾੱਲਰ ਦੀ ਭੇਟ*

*<u>ਗਲੋਬਲ ਮੁਹਿੰਮ ਨੇ ਕੀਤਾ ਯੂਨਾਈਟਿਡ ਸਿੱਖਸ ਦੇ ਪੱਛੜੇ ਲੋਕਾਂ ਲਈ ਜ਼ਮੀਨ ਅਤੇ ਸਮੁੰਦਰ 'ਚ ਤੁਰਦੇ-ਫ਼ਿਰਦੇ ਡਾੱਕਟਰੀ ਕੈਂਪਾਂ ਦਾ ਸਮਰਥਨ</u>*

**ਕੇਰਲ, ਭਾਰਤ-** ਪੂਰੇ ਸੰਸਾਰ 'ਚ ਵੱਸਦੇ ਬੱਚਿਆਂ ਵੱਲੋਂ ਕੇਰਲ, **ਯੂਨਾਈਟਿਡ ਸਿੱਖਸ,** ਜੋ ਕਿ ਯੁਨਈਟਿਡ ਨੇਸ਼ਨਜ਼ ਵੱਲੋਂ ਮਾਨਤਾ ਪ੍ਰਾਪਤ ਮੁਨਾਫ਼ਾ-ਰਹਿਤ, ਆਫ਼ਤ ਵੇਲੇ ਰਾਹਤ ਪਹੁੰਚਾਉਣ ਵਾਲੀ ਅਤੇ ਇਨਸਾਨੀਅਤ ਦੀ ਵਕਾਲਤ ਕਰਦੀ ਜਥੇਬੰਦੀ ਹੈ, ਲਈ ਬੱਚਿਆਂ ਵੱਲੋਂ ਫ਼ੰਡ ਇਕੱਠਾ ਕਰਨ ਦੀ ਮੁਹਿੰਮ 'ਚ ਉਹਨਾਂ ਦੀਆਂ ਗੋਲਕਾਂ ਅਤੇ ਬੁਗਨੀਆਂ ਦੇ ਖੁੱਲੇ ਗੱਫ਼ੇ ਵਰਤਾਏ ਗਏ। ਹੁਣ ਤੱਕ 'ਕਿਡਸ ਫ਼ਾੱਰ ਕੇਰਲ' ਫ਼ੰਡ ਇਕੱਠਾ ਕਰਨ 'ਚ ਅਫ਼ਰੀਕਾ, ਆੱਸਟ੍ਰੇਲੀਆ, ਕੈਨੇਡਾ, ਫ਼ਰਾਂਸ, ਭਾਰਤ, ਅਮਰੀਕਾ ਅਤੇ ਇੰਗਲੈਂਡ 'ਚ ਵੱਸਦੇ ਬੱਚਿਆਂ ਦੀਆਂ **ਬੁਗਨੀਆਂ** 'ਚੋਂ ਯੂਨਾਈਟਿਡ ਸਿੱਖਸ ਜਥੇਬੰਦੀ ਵੱਲੋਂ ਕੇਰਲ 'ਚ ਭਾਰੀ ਮਾੱਨਸੂਨ ਨਾਲ ਆਈ ਤਬਾਹੀ ਨਾਲ ਦੂਰ-ਦੁਰਾਡੇ ਦੇ ਪੱਛੜੇ ਇਲਾਕਿਆਂ 'ਚ ਤੁਰਦੀ-ਫ਼ਿਰਦੀ ਡਾਕਟਰੀ ਸਹਾਇਤਾ ਲਈ 5ਹਜ਼ਾਰ ਡਾੱਲਰ ਦਾ ਫ਼ੰਡ ਮੁਹੱਈਆ ਕਰਾਇਆ ਜਾ ਚੁੱਕਾ ਹੈ।

ਅਜਿਹੇ ਸਮੇਂ ਲੈਪਟੋਸਪਾਇਰਿਸਿਸ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਨਾਲ ਨਜਿੱਠਣ ਲਈ **ਯੂਨਾਈਟਿਡ ਸਿੱਖਸ** ਵੱਲੋਂ **'ਕਿਡਸ ਫ਼ਾੱਰ ਕੇਰਲ'** ਵੱਲੋਂ ਇਕੱਠੇ ਕੀਤੇ ਫ਼ੰਡ ਨੂੰ, 1 ਹਜ਼ਾਰ ਤੋਂ ਵੀ ਜ਼ਿਆਦਾ ਪੱਛੜੇ ਇਲਾਕਿਆਂ ਦੇ ਲੋਕਾਂ ਨੂੰ, ਖ਼ਾਸ ਤੌਰ 'ਤੇ ਨਵਜਾਤ ਬੱਚਿਆਂ, ਬਿਸਤਰੇ 'ਤੇ ਪਏ ਬਜ਼ੁਰਗਾਂ ਅਤੇ ਜ਼ਿਆਦਾ ਲੋੜਵੰਦ ਗਰਭਵਤੀ ਔਰਤਾਂ ਲਈ ਡਾਕਟਰੀ ਸਹਾਇਤਾ ਅਤੇ ਸਿਹਤ ਨਾਲ ਸਬੰਧਤ ਨਾਜ਼ੁਕ ਕੇਸਾਂ ਲਈ ਵਰਤਿਆ ਗਿਆ ਹੈ। ਇਸ ਫ਼ੰਡ ਦਾ ਜ਼ਿਆਦਾ ਹਿੱਸਾ ਕਿਸ਼ਤੀ ਕਿਰਾਏ 'ਤੇ ਲੈਣ ਲਈ ਵਰਤਿਆ ਗਿਆ ਹੈ, ਜਿਸਨੂੰ ਜ਼ਿਆਦਾ ਹੜ੍ਹ ਪ੍ਰਭਾਵਿਤ,

ਵੱਧ ਪਾਣੀ ਵਾਲੇ ਦੂਰ-ਦੁਰਾਡੇ ਦੇ ਪੱਛੜੇ ਇਲਾਕਿਆਂ 'ਚ ਮੈਡੀਕਲ ਕੈਂਪ ਦੇ ਤੌਰ 'ਤੇ ਵਰਤਿਆ ਜਾ ਰਿਹਾ ਹੈ ।




ਤਸਵੀਰ: **ਯੂਨਾਇਟਿਡ ਸਿੱਖਸ** ਵੱਲੋਂ ਪਾਣੀ 'ਚ ਮੈਡੀਕਲ ਕੈਂਪ ਲਾਉਣ ਲਈ ਕਿਰਾਏ 'ਤੇ ਲਈ ਗਈ ਕਿਸ਼ਤੀ।

ਸਿਹਤ ਵਿਭਾਗ ਦੇ ਮੁਤਾਬਿਕ ਕੇਰਲ 'ਚ ਇਸ ਵੇਲੇ 110 ਲੋਕ ਲੈਪਟੋਸਪਾਇਰਸਿਸ ਬਿਮਾਰੀ ਨਾਲ ਪੀੜਤ ਹਨ, ਜੋ ਜ਼ੇਰੇ-ਇਲਾਜ ਹਨ ਅਤੇ ਪਿਛਲੇ ਹਫ਼ਤੇ ਵੀ ਜਿਸ ਵਿਅਕਤੀ ਦੀ ਮਾਲਾਪੁਰਮ 'ਚ ਮੌਤ ਹੋਈ ਸੀ, ਉਸਦੀ ਮੌਤ ਵੀ ਇਸੇ ਬਿਮਾਰੀ ਨਾਲ ਹੋਣ ਦਾ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ। ਇਹਨਾਂ ਹੜ੍ਹਾਂ 'ਚ ਤਕਰੀਬਨ 400 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 80ਹਜ਼ਾਰ ਦੇ ਕਰੀਬ ਬਾਸ਼ਿੰਦੇ ਬੇਘਰ ਹੋ ਚੁੱਕੇ ਹਨ। ਸਰਕਾਰੀ ਰਿਪੋਰਟਾਂ ਮੁਤਾਬਿਕ ਇਹਨਾਂ ਹੜ੍ਹਾਂ ਨਾਲ 2.7 ਬਿਲੀਅਨ ਡਾੱਲਰ ਦਾ ਨੁਕਸਾਨ ਹੋਇਆ ਹੈ, ਜਿਸ ਵਿੱਚ 20 ਹਜ਼ਾਰ ਘਰ ਨੁਕਸਾਨੇ ਗਏ, ਚਾਹ, ਰਬੜ ਅਤੇ ਹੋਰ ਫ਼ਸਲਾਂ ਸਮੇਤ 40 ਹਜ਼ਾਰ ਹੈਕਟੇਅਰ ਖੇਤੀ ਯੋਗ ਜ਼ਮੀਨ ਪਾਣੀ 'ਚ ਡੁੱਬ ਗਈ, 16 ਹਜ਼ਾਰ ਕਿਲੋਮੀਟਰ ਵੱਡੀਆਂ ਲਿੰਕ ਸੜਕਾਂ ਸਮੇਤ 83 ਹਜ਼ਾਰ ਕਿਲੋਮੀਟਰ ਸੜਕਾਂ ਪੂਰੀ ਤਰ੍ਹਾਂ ਖ਼ਤਮ ਹੋ ਗਈਆਂ ਹਨ।

ਆੱਲ ਇੰਡੀਆ ਇੰਸਟੀਚਿਊਟ ਆੱਫ਼ ਮੈਡੀਕਲ ਸਾਇੰਸਿਸ ਦੀ ਰੈਜ਼ੀਡੈਂਟ ਡਾਕਟਰਾਂ ਦੀ ਜਥੇਬੰਦੀ ਦੇ ਉਪ-ਪ੍ਰਧਾਨ **ਡਾਕਟਰ ਅਭੀਸ਼ੇਕ ਅਗਰਵਾਲ** ਦੀ ਅਗਵਾਈ ਹੇਠ ਯੂਨਾਈਟਿਡ ਸਿੱਖਸ ਦੇ ਸਵੈ-ਸੇਵਕਾਂ ਵੱਲੋਂ ਦੂਰ-ਦੁਰਾਡੇ ਦੇ ਪੱਛੜੇ ਭਾਰੀ ਹੜ੍ਹਾਂ ਨਾਲ ਪ੍ਰਭਾਵਿਤ, ਚਿੱਕੜ ਵਾਲੇ ਅਤੇ ਸਖ਼ਤ ਅਤੇ ਉੱਬੜ-ਖਾਬੜ ਥਾਂਵਾਂ 'ਤੇ ਪਹੁੰਚ ਕੇ ਦਵਾਈਆਂ ਦਿੱਤੀਆਂ ਜਾ ਰਹੀਆਂ ਹਨ, ਸਿਹਤ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਕੰਬਲ ਤੇ ਹੋਰ ਖਾਣ-ਪੀਣ ਦੀਆਂ ਵਸਤਾਂ ਵੀ ਐਸੇ ਹਾਲਾਤ 'ਚ ਉਹਨਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ। ਜਥੇਬੰਦੀ ਵੱਲੋਂ ਜ਼ਮੀਨੀਂ ਪੱਧਰ 'ਤੇ ਲੋਕਾਂ ਤੱਕ ਪਹੁੰਚ ਕਰਨ ਕਰਕੇ ਜਥੇਬੰਦੀ ਨੂੰ ਲੋਕ ਪਛਾਨਣ ਲੱਗ ਪਏ ਹਨ ਅਤੇ ਸਥਾਨਕ ਲੋਕਾਂ ਅਤੇ ਪ੍ਰਸ਼ਾਸਨ ਅਤੇ ਡੀਐਮ ਵਾਇਆਨਾਦ ਇੰਸਟੀਚਿਊਟ ਆੱਫ਼ ਮੈਡੀਕਲ ਸਾਇੰਸਿਸ ਦੇ ਡਾਕਟਰਾਂ ਅਤੇ ਮੈਡੀਕਲ ਸਟਾਫ਼ ਅਤੇ ਵਿਵੇਕਾਨੰਦ ਮੈਡੀਕਲ ਮਿਸ਼ਨ ਵੱਲੋਂ ਵਾਇਆਨਾਦ ਜ਼ਿਲੇ 'ਚ, ਜਿੱਥੇ ਕਿ 20% ਪੱਛੜੀ ਵੱਸੋਂ ਹੈ, ਉੱਥੇ ਹੜ੍ਹ ਨਾਲ ਪ੍ਰਭਾਵਿਤ ਲੋਕਾਂ ਨੂੰ ਖ਼ਾਸ ਤੌਰ 'ਤੇ ਮੈਡੀਕਲ ਸੰਭਾਲ ਦੇ ਕੇ **ਯੂਨਾਈਟਿਡ ਸਿੱਖਸ** ਨੂੰ ਪੂਰਾ ਸਮਰਥਨ ਮਿਲ ਰਿਹਾ ਹੈ।

**ਯੂਨਾਈਟਿਡ ਸਿੱਖਸ** ਦੇ ਰਾਹਤ ਕਾਰਜਾਂ ਵਿੱਚ ਆਪਣਾ ਯੋਗਦਾਨ ਪਾਉਂਦਿਆਂ ਸਿਹਤ ਮਹਿਕਮੇ ਵੱਲੋਂ ਕੇਰਲ ਦੇ ਸਭ ਤੋਂ ਵੱਧ ਵੱਸੋਂ ਵਾਲੇ ਇਲਾਕਿਆਂ 'ਚ ਮਾਹਿਰ ਡਾੱਕਟਰਾਂ ਸਮੇਤ 100 ਮੈਡੀਕਲ ਪ੍ਰੋਫ਼ੈਸ਼ਨਲਾਂ ਦੀ ਟੀਮ ਭੇਜੀ ਗਈ ਹੈ। ਜਥੇਬੰਦੀ ਨੂੰ ਸ਼੍ਰੀ ਸੰਕਰਾ ਵਿੱਦਿਆਨਿਕੇਤਨ ਸਕੂਲ 'ਚ ਆਪਣੇ ਬੇਸ ਕੈਂਪ ਵਿਖੇ ਸਥਾਨਕ ਅਫ਼ਸਰਾਂ ਅਤੇ ਸਵੈ-ਸੇਵੀ ਪੋਸ਼ਣ ਵਿਗਿਆਨੀਆਂ ਵੱਲੋਂ ਵੀ ਸਹਿਯੋਗ ਮਿਲ ਰਿਹਾ ਹੈ ਅਤੇ ਸਭ ਰਲ ਕੇ ਕੰਮ ਕਰ ਰਹੇ ਹਨ। ਰੋਜ਼ਾਨਾ ਕਈ ਦਰਜਨਾਂ ਹੀ ਪਿੰਡਾਂ ਦੇ ਲੋਕ ਉੱਥੋਂ ਘਰਾਂ ਦਾ ਜ਼ਰੂਰੀ ਸਮਾਨ, ਜਿਵੇਂ ਕਿ ਕੰਬਲ, ਬਾਲਟੀਆਂ ਅਤੇ ਖਾਣਾ ਪਕਾਉਣ ਲਈ ਭਾਂਡਿਆਂ ਦੇ ਨਾਲ-ਨਾਲ ਖਾਣ-ਪੀਣ ਦੀਆਂ ਵਸਤਾਂ ਜਿਵੇਂ ਪਾਣੀ, ਚੌਲ, ਦਾਲਾਂ, ਆਟਾ, ਮਸਾਲੇ, ਤੇਲ ਅਤੇ ਖੰਡ ਆਦਿ ਲੈਣ ਲਈ ਆਉਂਦੇ ਹਨ।




ਤਸਵੀਰ: **ਯੂਨਾਈਟਿਡ ਸਿੱਖਸ** ਵੱਲੋਂ ਪੱਛੜੇ ਖੇਤਰਾਂ ਵਿੱਚ ਤੁਰਦਾ-ਫ਼ਿਰਦਾ ਮੈਡੀਕਲ ਕੈਂਪ ਪਹੁੰਚਾਇਆ ਗਿਆ

**ਯੂਨਾਈਟਿਡ ਸਿੱਖਸ** ਦੀ ਆਫ਼ਤ ਰਾਹਤ ਟੀਮ ਦੇ ਸਵੈ-ਸੇਵਕ ਡਾ. ਅਭੀਸ਼ੇਕ ਅਗਰਵਾਲ ਨੇ ਕਿਹਾ,"ਹੜ੍ਹਾਂ ਤੋਂ ਬਾਅਦ ਲੈਪਟੋਸਪਾਇਰਿਸਿਸ, ਡਾਇਨੇਟਰੀ, ਡੇਂਗੂ ਅਤੇ ਮਲੇਰੀਆ ਵਰਗੀਆਂ ਬਿਮਾਰੀਆਂ ਆਮ ਹੋ ਜਾਂਦੀਆਂ ਹਨ ਅਤੇ ਜੇ ਸਮੇਂ ਸਿਰ ਇਲਾਜ ਨਾ ਕੀਤਾ ਜਾਵੇ, ਤਾਂ ਬੱਚਿਆਂ ਅਤੇ ਵੱਡਿਆਂ ਦੀ ਜਾਨ ਲਈ ਇਹ ਖ਼ਤਰਾ ਹੋ ਸਕਦੀਆਂ ਹਨ।" ਉਹਨਾਂ ਅੱਗੇ ਕਿਹਾ,"ਯੂਨਾਈਟਿਡ ਸਿੱਖਸ ਉਹਨਾਂ ਵੱਧ ਲੋੜਵੰਦ ਲੋਕਾਂ ਅਤੇ ਥਾਂਵਾਂ 'ਤੇ ਵੀ ਪਹੁੰਚ ਕਰ ਰਹੀ ਹੈ, ਜਿੱਥੇ ਕੋਈ ਹੋਰ ਨਹੀਂ ਸੀ ਜਾ ਸਕਦਾ। ਇਹ ਕੁਦਰਤੀ ਆਫ਼ਤ ਨਾਲ ਪੀੜਤ ਲੋਕਾਂ ਤੱਕ ਪਹੁੰਚ ਕਰਨੀ ਆਸਾਨ ਨਹੀਂ ਹੈ ਅਤੇ ਇਹਨਾਂ ਮਾਰੂ ਬਿਮਾਰੀਆਂ ਨਾਲ ਨਜਿੱਠਣ ਲਈ ਲੰਮੇ ਸਮੇਂ ਲਈ ਰਣਨੀਤੀਆਂ ਦੀ ਲੋੜ ਹੈ, ਜਿਸਨੂੰ ਕਿ ਅਸੀਂ ਹਰ ਪੱਖੋਂ ਪਹਿਲ ਦੇ ਅਧਾਰ 'ਤੇ ਰੱਖਿਆ ਹੈ।"

**ਯੂਨਾਈਟਿਡ ਸਿੱਖਸ** ਦੇ ਆਫ਼ਤ ਰਾਹਤ ਕੋ-ਆੱਰਡੀਨੇਟਰ ਸ. **ਮੋਹਿੰਦਰਜੀਤ ਸਿੰਘ** ਦਾ ਕਹਿਣਾ ਹੈ,"ਇੱਕ ਬੱਚੇ ਨੂੰ ਪਾਲ ਕੇ ਵੱਡਾ ਕਰਨਾ ਕੋਈ ਸੁਖਾਲਾ ਨਹੀਂ ਹੁੰਦਾ, ਕਈ ਜਣਿਆਂ ਦੀ ਮਿਹਨਤ ਦਾ ਫ਼ਲ ਹੁੰਦਾ ਹੈ ਇਸ ਵਿੱਚ--ਕੇਰਲ ਦੇ ਬੱਚਿਆਂ ਨੂੰ ਵੀ ਇਸ ਵੇਲੇ ਕਈ ਜਣਿਆਂ ਦੇ ਸਾਥ ਦੀ ਲੋੜ ਹੈ, ਇਸ ਵੇਲੇ ਉਹਨਾਂ ਨੂੰ ਇਹਨਾਂ ਫ਼ੈਲ ਰਹੀਆਂ ਬਿਮਾਰੀਆਂ ਤੋਂ ਬਚਣ ਲਈ ਟੀਕੇ, ਦਵਾਈਆਂ ਅਤੇ ਇਲਾਜ ਦੀ ਸਖ਼ਤ ਲੋੜ ਹੈ। ਜਿਵੇਂ ਹੀ ਹੜ੍ਹ ਦਾ ਪਾਣੀ ਹੇਠਾਂ ਜਾਵੇਗਾ, ਪਿੰਡ ਇੱਕ ਹੋਰ ਹੜ੍ਹ ਦਾ ਸਾਹਮਣਾ ਕਰਨਗੇ-ਉਹਨਾਂ 'ਚੋਂ ਇੱਕ ਕੋਬਰਾ ਦਾ ਹੜ੍ਹ ਹੋਵੇਗਾ, ਜੋ ਪਾਣੀ ਆਉਣ ਨਾਲ ਹੋਰ ਹੇਠਾਂ ਚਲੇ ਗਏ ਸਨ ਅਤੇ ਦੂਜੀ ਸਮੱਸਿਆ ਪੀਣ ਲਈ ਟੁੱਟੇ ਹੋਏ ਬੰਨ੍ਹਾਂ ਕਰਕੇ ਦੂਸ਼ਿਤ ਪਾਣੀ ਦੇ ਸ੍ਰੋਤ। ਅਸੀਂ ਉਹਨਾਂ ਬੱਚਿਆਂ ਦੇ ਅਹਿਸਾਨਮੰਦ ਹਾਂ ਜਿਹਨਾਂ ਨੇ ਕਿ ਸਾਡੇ ਮੈਡੀਕਲ ਕੈਂਪਾਂ ਲਈ ਦੁਨੀਆਂ ਦੀਆਂ ਕਈ ਥਾਂਵਾਂ ਤੋਂ ਇਕੱਠੇ ਹੋ ਕੇ ਆਪਣੀਆਂ ਗੋਲਕਾਂ 'ਚੋਂ ਦਾਨ ਕੀਤਾ ਹੈ।"



ਤਸਵੀਰਾਂ: ਪਿੰਡ ਦੇ ਲੋਕ **ਯੂਨਾਈਟਿਡ ਸਿੱਖਸ** ਦੇ ਬੇਸ ਕੈਂਪ 'ਚ ਬਿਸਕੁਟਾਂ ਦਾ ਆਨੰਦ ਮਾਣਦੇ ਹੋਏ।

ਇਸ ਰਾਹਤ ਕਾਰਜ ਦੌਰਾਨ ਜਥੇਬੰਦੀ ਸਾਰੇ ਲੋਕਾਂ ਨੂੰ ਸਿਹਤ ਵਿਭਾਗ ਵੱਲੋਂ ਦਿੱਤੀਆਂ ਇਹਨਾਂ ਹੇਠ ਲਿਖੀਆਂ ਹਦਾਇਤਾਂ 'ਤੇ ਅਮਲ ਕਰਨ ਦੀ ਬੇਨਤੀ ਕਰਦੀ ਹੈ:-

1. ਜਦੋਂ ਤੱਕ ਕਿ ਸੁਰੱਖਿਅਤ ਨਾ ਹੋਵੇ (ਢਾਂਚੇ ਪੱਖੋਂ, ਬਿਜਲੀ, ਖਾਣਾ ਪਕਾਉਣ ਲਈ ਗੈਸ ਆਦਿ), ਲੋਕ ਓਦੋਂ ਤੱਕ ਆਪਣੇ ਘਰਾਂ ਵੱਲ ਨਾ ਪਰਤਣ।

2. ਕਾਰਬਨ ਮੋਨੋਆੱਕਸਾਈਡ ਵਰਗੀਆਂ ਜ਼ਹਿਰੀਆਂ ਗੈਸਾਂ ਦੇ ਪ੍ਰਭਾਵ ਤੋਂ ਬਚਿਆ ਜਾਵੇ, ਖ਼ਾਸ ਤੌਰ 'ਤੇ ਜਿੱਥੇ ਜੈਨੇਰੇਟਰ ਆਦਿ ਦੀ ਵਰਤੋਂ ਜ਼ਿਆਦਾ ਅਤੇ ਲਗਾਤਾਰ ਹੁੰਦੀ ਹੋਵੇ। ਇਸ ਸਭ ਤੋਂ ਬਚਣ ਦਾ ਇਹੀ ਤਰੀਕਾ ਹੈ ਕਿ ਜੈਨੇਰੇਟਰ ਨੂੰ ਨੇੜਲੀਆਂ ਥਾਂਵਾਂ 'ਤੇ ਨਾ ਲਾਇਆ ਜਾਵੇ ਅਤੇ ਜਗ੍ਹਾ ਪੂਰੇ ਤਰੀਕੇ ਨਾਲ ਹਵਾਦਾਰ ਹੋਵੇ।

3. ਯਾਦ ਰੱਖੋ, ਹੜ੍ਹਾਂ ਨਾਲ ਧਰਤੀ ਦੀ ਸਤਹਿ ਦਾ ਪਾਣੀ ਅਤੇ ਖਾਣਾ ਦੂਸ਼ਿਤ ਹੋਣ ਦਾ ਖ਼ਤਰਾ ਹੁੰਦਾ ਹੈ। ਇਸ ਲਈ, ਜਦੋਂ ਤੱਕ ਸਭ ਸਾਫ਼ ਨਹੀਂ ਹੋ ਜਾਂਦਾ, ਓਦੋਂ ਤੱਕ ਪੂਰੇ ਤੌਰ 'ਤੇ ਸਫ਼ਾਈ ਅਤੇ ਸੈਨੇਟਰੀ ਸਾਵਧਾਨੀਆਂ ਅਪਣਾਓ।

4. ਘਰਾਂ ਵਿੱਚ ਬਿਜਲਈ ਉਪਕਰਣਾਂ, ਮੁੱਖ ਸਵਿੱਚ/ਘਰੇਲੂ ਉਪਕਰਣਾਂ ਵਗੈਰਾ ਦੇ ਸਵਿੱਚ ਚਾਲੂ ਕਰਣ ਤੋਂ ਪਹਿਲਾਂ ਕਿਸੇ ਬਿਜਲੀ ਵਾਲੇ ਤੋਂ ਉਹਨਾਂ ਸਭ ਦਾ ਸੁਰੱਖਿਅਤ ਹੋਣਾ ਯਕੀਨੀ ਬਣਾਓ।

5. ਘਰਾਂ ਦੀਆਂ ਪਰਛੱਤੀਆਂ/ਸਟੋਰ ਆਦਿ ਵਾਲੀਆਂ ਥਾਂਵਾਂ 'ਤੇ ਲੁਕੇ ਹੋਏ ਰੇਂਗਣ ਵਾਲੇ ਜੀਵਾਂ ਤੋਂ ਸਾਵਧਾਨੀ ਵਰਤੋ, ਜਿਵੇਂ, ਸੱਪ ਆਦਿ।

6. ਕ੍ਰਿਪਾ ਕਰਕੇ ਸਿਹਤ ਵਿਭਾਗ ਦੇ ਅਫ਼ਸਰਾਂ ਵੱਲੋਂ ਦਿੱਤੀਆਂ ਗਈਆਂ ਤਕਨੀਕੀ ਹਦਾਇਤਾਂ 'ਤੇ ਅਮਲ ਕਰੋ।




ਤਸਵੀਰ: **ਯੂਨਾਈਟਿਡ ਸਿੱਖਸ** ਦੇ ਮੈਡੀਕਲ ਕੈਂਪ 'ਚ ਸਾਹ ਦੇ ਇਨਫ਼ੈਕਸ਼ਨ ਦਾ ਇਲਾਜ ਕਰਾ ਚੁੱਕਾ ਇੱਕ ਬੱਚਾ।

ਸਿੱਖ ਏਡ ਰਿਲੀਫ਼ ਦੀਆਂ ਕੋਸ਼ਿਸ਼ਾਂ 'ਚ ਆਪਣਾ ਯੋਗਦਾਨ ਪਾਉਣ ਲਈ, ਦਾਨ ਦੇਣ ਲਈ ਇੱਥੇ ਹਟਟਪ://ਨਟਿਏਦਸਕਿਹਸੋ.ਰਗ/ਦੋਨਓਟਏ.ਪਹਪ. ਕਲਿਕ ਕਰੋ। ਕਿਸੇ ਵੀ ਤਰ੍ਹਾਂ ਦੀ ਸਿਹਤ ਸਬੰਧੀ ਸਲਾਹ ਲਈ, ਕ੍ਰਿਪਾ ਕਰਕੇ ਸਿਹਤ ਵਿਭਾਗ ਐਨਐਚਐਮ ਦੀ 24 ਘੰਟੇ ਚੱਲਣ ਵਾਲੀ ਹੈਲਪਲਾਈਨ 'ਦਿਸ਼ਾ' 'ਤੇ ਕਾੱਲ ਕਰੋ:- 0471-2552056 ਜਾਂ ਟਾੱਲ ਫ਼੍ਰੀ ਨੰਬਰ1056 'ਤੇ ਕਾੱਲ ਕਰੋ।

## ਯੂਨਾਈਟਿਡ ਸਿੱਖਸ ਬਾਰੇ

**ਯੂਨਾਈਟਿਡ ਸੱਖਸ** ਯੂਨਾਈਟਿਡ ਨੇਸ਼ਨਜ਼ ਵੱਲੋਂ ਪ੍ਰਮਾਣਿਤ, 10 ਭਾਗਾਂ 'ਚ ਰਜਿਸਟਰਡ, ਕੌਮਾਂਤਰੀ ਦਾਨ ਦੇਣ ਵਾਲੀ ਜਥੇਬੰਦੀ ਹੈ, ਜੋ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਪੈਰਵੀ ਕਰਦੀ ਹੈ। ਸਾਡੀ ਕੌਮਾਂਤਰੀ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਇਹ ਸੰਸਥਾ ਘੱਟ ਗਿਣਤੀਆਂ

ਅਤੇ ਸੰਸਾਰ ਦੇ ਹੋਰ ਹਾਸ਼ੀਏ 'ਤੇ ਆ ਚੁੱਕੇ ਗੁੱਟ, ਅਤੇ ਹੋਰ ਲੋੜਵੰਦਾਂ ਦੀ, ਬਿਨਾਂ ਕਿਸੇ ਧਰਮ, ਜ਼ਾਤ, ਲਿੰਗ, ਜਿਨਸੀ ਰੁਝਾਨ, ਸਮਾਜਿਕ ਰੁਤਬੇ, ਉਮਰ ਅਤੇ ਯੋਗਤਾ ਦੇ ਅਧਾਰ 'ਤੇ, ਆਰਥਿਕ, ਸਮਾਜਿਕ ਅਤੇ ਧਾਰਮਿਕ ਸਸ਼ਕਤੀਕਰਣ ਦੀ ਪੈਰ੍ਹਵੀ ਕਰਦੀ ਹੈ। ਅਸੀਂ ਇਸ ਸਭ ਟੀਚੇ ਨੂੰ ਅਮਰੀਕਾ, ਯੂਰੋਪ ਅਤੇ ਏਸ਼ੀਆ ਦੇ ਘੱਟ ਗਿਣਤੀਆਂ ਅਤੇ ਹਾਸ਼ੀਏ 'ਤੇ ਜਾ ਚੁੱਕੇ ਹੋਰ ਗੁੱਟਾਂ ਸਮਾਜਿਕ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਕੇ ਅਤੇ ਉਹਨਾਂ ਨਿਯਮਾਂ ਨੂੰ ਲਾਗੂ ਅਤੇ ਪਾਲਣਾ ਕਰਕੇ ਹਾਸਿਲ ਕਰਦੇ ਹਾਂ।

ਤੁਸੀਂ ਸਾਡੇ ਪ੍ਰੋਜੈਕਟਾਂ ਬਾਰੇ ਸਾਡੀ ਵੈਬਸਾਈਟ 'ਤੇ ਪੜ੍ਹ ਸਕਦੇ ਹੋ:
ਥਥ.ਨਟਿਏਦਸਕਿਹਸ.ੋਰਗ